ਸੰਪਰਕ: +91-7353013499
ਈਮੇਲ: getsupport@oxyzo.in
ਵੈੱਬਸਾਈਟ: www.oxyzo.in

SMA ਅਤੇ NPA ਵਰਗੀਕਰਨ 'ਤੇ ਖ਼ਪਤਕਾਰ ਸਿੱਖਿਆ ਸਾਹਿਤ

1. ਜਾਣ-ਪਛਾਣ

ਇਹ ਦਸਤਾਵੇਜ਼ ਪੈਰਾ 14.4.6 ਦੇ ਅਨੁਸਾਰ ਹੈ। - ਮਾਸਟਰ ਡਾਇਰੈਕਸ਼ਨ 'ਤੇ ਮਿਤੀ 19 ਅਕਤੂਬਰ, 2023 ਦੇ RBI ਸਰਕੂਲਰ ਨੰ. RBI/DoR/2023-24/106 DoR.FIN.REC.No.45/03.10.119/2023-24 ਦੇ "SMA/NPA 'ਤੇ ਖ਼ਪਤਕਾਰ ਸਿੱਖਿਆ" - ਭਾਰਤ ਰਿਜ਼ਰਵ ਬੈਂਕ (ਗੈਰ-ਬੈਂਕਿੰਗ ਵਿੱਤੀ ਕੰਪਨੀ - ਸਕੇਲ ਆਧਾਰਿਤ ਵਿਨਿਯਮਨ) ਨਿਰਦੇਸ਼, 2023 (ਅੱਪਡੇਟ ਕੀਤਾ), ਨੇ ਖ਼ਪਤਕਾਰਾਂ ਦੇ ਵਿਚਕਾਰ ਓਵਰਡਿਊ, ਸਪੈਸ਼ਲ ਮੈਂਸ਼ਨ ਅਕਾਉਂਟ ("SMA") ਅਤੇ ਨਾਨ-ਪ੍ਰਫ਼ਾਰਮਿੰਗ ਐਸਿਟਸ ("NPA") ਵਰਗੀਕਰਣ ਅਤੇ ਅੱਪਗ੍ਰੇਡੇਸ਼ਨ ਦੀਆਂ ਅਵਧਾਰਣਾਵਾਂ ਬਾਰੇ ਜਾਗਰੂਕਤਾ ਵਧਾਉਣ ਵਾਸਤੇ ਵਰਤੋਂਕਾਰ ਸਿੱਖਿਆ ਸਾਹਿਤ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਉਦਾਹਰਣਾਂ ਅਤੇ ਡੇ-ਐਂਡ ਪ੍ਰਕਿਰਿਆ ਨਾਲ ਵਿਆਖਿਆ ਕੀਤੀ ਗਈ ਹੈ

SMA/NPA ਦੇ ਸੰਕਲਪਾਂ 'ਤੇ ਵੇਰਵੇ/ਵਿਆਖਿਆਵਾਂ ਦੇ ਨਾਲ ਖ਼ਪਤਕਾਰ ਸਿੱਖਿਆ ਸਾਹਿਤ, ਸਪਸ਼ਟੀਕਰਨ ਅਤੇ ਨਿਯਤ ਮਿਤੀਆਂ 'ਤੇ ਉਦਾਹਰਣਾਂ ਦੇ ਨਾਲ ਇੱਥੇ ਦਿੱਤਾ ਗਿਆ ਹੈ।

2. ਆਮ ਜਾਣਕਾਰੀ

2.1 ਬਕਾਇਆ:

ਇਹ ਲੋਨ ਖਾਤੇ 'ਤੇ ਲੱਗਣ ਵਾਲੇ ਮੂਲ/ਵਿਆਜ/ਕਿਸੇ ਵੀ ਚਾਰਜ ਨੂੰ ਵਿਖਾਉਂਦਾ ਹੈ, ਜੋ ਕ੍ਰੈਡਿਟ ਸੁਵਿਧਾ ਦੀ ਮਨਜ਼ੂਰੀ ਦੀਆਂ ਸ਼ਰਤਾਂ ਦੇ ਅਨੁਸਾਰ ਨਿਰਧਾਰਿਤ ਸਮੇਂ ਦੇ ਅੰਦਰ ਦੇਣਾ ਹੁੰਦਾ ਹੈ।

2.2 ਓਵਰਡਿਊ:

ਲੋਨ ਖਾਤੇ ਵਿੱਚੋਂ ਉਹ ਰਕਮ ਜੋ ਕਰਜ਼ਦਾਰ ਸਮੇਂ 'ਤੇ ਭੁਗਤਾਨ ਨਹੀਂ ਕਰ ਪਾਉਂਦਾ, ਉਸ ਨੂੰ ਓਵਰਡਿਊ ਰਕਮ ਕਹਿੰਦੇ ਹਨ, ਯਾਨੀ ਕਿ ਓਵਰਡਿਊ ਰਕਮ ਉਹ ਰਕਮ ਹੈ ਜੋ ਭੁਗਤਾਨ ਦੀ ਨਿਯਤ ਮਿਤੀ ਤੋਂ ਬਾਅਦ ਵੀ ਬਕਾਇਆ ਰਹਿ ਜਾਂਦੀ ਹੈ।

ਦੂਜੇ ਸ਼ਬਦਾਂ ਵਿੱਚ, ਕਿਸੇ ਵੀ ਕ੍ਰੈਡਿਟ ਸੁਵਿਧਾ ਦੇ ਤਹਿਤ OXYZO ਨੂੰ ਮਿਲਣ ਵਾਲੀ ਕੋਈ ਵੀ ਰਕਮ "ਓਵਰਡਿਊ" ਹੈ, ਜੇਕਰ ਉਸ ਨੂੰ OXYZO ਦੁਆਰਾ ਨਿਰਧਾਰਿਤ ਕੀਤੀ ਗਈ ਨਿਯਤ ਮਿਤੀ 'ਤੇ ਭੁਗਤਾਨ ਨਹੀਂ ਕੀਤਾ ਜਾਂਦਾ ਹੈ।

2.3 ਬੈਲੰਸ ਬਕਾਇਆ ਅਤੇ ਓਵਰਡਿਊ ਦੇ ਵਿਚਕਾਰ ਫ਼ਰਕ

ਖਾਤਿਆਂ ਦੀ ਸਟੇਟਮੈਂਟ ਵਿੱਚ ਵਿਖਣ ਵਾਲਾ "ਬੈਲੰਸ ਬਕਾਇਆ" ਉਸ ਕੁੱਲ ਰਕਮ ਨੂੰ ਦਰਸ਼ਾਉਂਦਾ ਹੈ ਜੋ ਅਜੇ ਖਾਤੇ ਵਾਸਤੇ ਬਕਾਇਆ ਹੈ, ਜਦੋਂ ਕਿ "ਓਵਰਡਿਊ ਬੈਲੰਸ" ਉਸ ਬੈਲੰਸ ਨੂੰ ਦਰਸ਼ਾਉਂਦਾ ਹੈ ਜਿਸ ਦਾ ਭੁਗਤਾਨ ਨਿਯਤ ਸਮੇਂ ਵਿੱਚ ਨਹੀਂ ਕੀਤਾ ਗਿਆ ਹੈ।

2.4 ਸਪੈਸ਼ਲ ਮੈਂਸ਼ਨ ਅਕਾਉਂਟ (SMA)

ਸਪੈਸ਼ਲ ਮੈਂਸ਼ਨ ਅਕਾਉਂਟ (SMA) ਇੱਕ ਅਜਿਹਾ ਖਾਤਾ ਹੈ ਜਿਸ ਵਿੱਚ ਸ਼ੁਰੂਆਤੀ ਸਟ੍ਰੈੱਸ ਦੇ ਲੱਛਣ ਵਿਖ ਰਹੇ ਹਨ, ਜਿਸ ਕਰਕੇ ਕਰਜ਼ਦਾਰ ਆਪਣੇ ਲੋਨ ਦੀ ਦੇਣਦਾਰੀ ਨੂੰ ਸਮੇਂ 'ਤੇ ਭੁਗਤਾਨ ਕਰਨ ਵਿੱਚ ਅਸਫ਼ਲ ਰਿਹਾ ਹੈ, ਹਾਲਾਂਕਿ RBI ਦੀ ਮੌਜੂਦਾ ਗਾਈਡਲਾਈਨਾਂ ਦੇ ਅਨੁਸਾਰ ਖਾਤੇ ਨੂੰ ਅਜੇ ਤੱਕ NPA ਦੇ ਤੌਰ 'ਤੇ ਵਰਗੀਕਿਰਤ ਨਹੀਂ ਕੀਤਾ ਗਿਆ ਹੈ। ਅਜਿਹੇ ਖਾਤਿਆਂ ਦੀ ਜਲਦੀ ਪਛਾਣ ਹੋਣ ਨਾਲ OXYZO ਨੂੰ ਉਹਨਾਂ ਦੇ NPA ਵਿੱਚ ਬਦਲਣ ਦੀ ਸੰਭਾਵਨਾ ਨੂੰ ਰੋਕਣ ਵਾਸਤੇ ਸਮੇਂ 'ਤੇ ਸੁਧਾਰ ਦੇ ਕਦਮ ਚੁੱਕਣ ਵਿੱਚ ਮਦਦ ਮਿਲੇਗੀ।

ਜੇਕਰ ਕਰਜ਼ਦਾਰ OXYZO ਨੂੰ ਭੁਗਤਾਨਯੋਗ ਰਕਮ ਨਿਯਤ ਮਿਤੀ ਤੱਕ ਨਹੀਂ ਦਿੰਦਾ ਹੈ ਤਾਂ ਖਾਤਾ/ਸੁਵਿਧਾ ਨੂੰ ਸਪੈਸ਼ਲ ਮੈਂਸ਼ਨ ਅਕਾਉਂਟ (SMA) ਸ਼੍ਰੇਣੀ ਵਿੱਚ ਪਾ ਦਿੱਤਾ ਜਾਵੇਗਾ। ਓਵਰਡਿਊ ਦੀ ਉਮਰ ਦੇ ਆਧਾਰ 'ਤੇ, OXYZO ਕਰਜ਼ਦਾਰਾਂ ਨੂੰ SMA ਦੀ ਇਸ ਸ਼੍ਰੇਣੀ ਵਿੱਚ ਰਿਪੋਰਟ ਕਰਦਾ ਹੈ।

SMA ਸ਼੍ਰੇਣੀ	**ਰਿਵੋਲਵਿੰਗ ਫੈਸਲਿਟੀਜ਼ ਤੋਂ ਇਲਾਵਾ ਲੋਨ** **ਵਰਗੀਕਰਨ ਦਾ ਆਧਾਰ-** ਮੂਲ ਜਾਂ ਵਿਆਜ ਭੁਗਤਾਨ ਜਾਂ ਕੋਈ ਹੋਰ ਰਕਮ ਜੋ ਪੂਰੇ ਜਾਂ ਅਧੂਰੇ ਤੌਰ 'ਤੇ ਓਵਰਡਿਊ ਹੋਵੇ	**ਰਿਵੋਲਵਿੰਗ ਫੈਸਲਿਟੀਜ਼ ਦੇ ਤਹਿਤ ਲੋਨ** **ਵਰਗੀਕਰਨ ਦਾ ਆਧਾਰ-** ਬਕਾਇਆ ਰਕਮ ਸਵੀਕਿਰਤ ਸੀਮਾ ਜਾਂ ਡ੍ਰਾਇੰਗ ਪਾਵਰ, ਜੋ ਵੀ ਘੱਟ ਹੋਵੇ, ਤੋਂ ਵੱਧ ਮਿਆਦ ਤੱਕ ਲਗਾਤਾਰ ਬਣੀ ਰਹਿੰਦੀ ਹੈ।
SMA-0	**30 ਦਿਨਾਂ ਤੱਕ ਓਵਰਡਿਊ ਭੁਗਤਾਨ**	
SMA-1	**30 ਦਿਨਾਂ ਤੋਂ ਵੱਧ ਅਤੇ 60 ਦਿਨਾਂ ਤੱਕ ਓਰਡਿਊ**	**30 ਦਿਨਾਂ ਤੋਂ ਵੱਧ ਅਤੇ 60 ਦਿਨਾਂ ਤੱਕ ਓਰਡਿਊ**
SMA-2	**60 ਦਿਨਾਂ ਤੋਂ ਵੱਧ ਅਤੇ 90 ਦਿਨਾਂ ਤੱਕ ਓਰਡਿਊ**	**60 ਦਿਨਾਂ ਤੋਂ ਵੱਧ ਅਤੇ 90 ਦਿਨਾਂ ਤੱਕ ਓਰਡਿਊ**

ਕਰਜ਼ਦਾਰ ਦੇ ਖਾਤਿਆਂ ਨੂੰ OXYZO ਆਪਣੇ ਡੇ-ਐਂਡ ਪ੍ਰਕਿਰਿਆਵਾਂ ਦੇ ਹਿੱਸੇ ਵਜੋਂ ਨਿਯਤ ਮਿਤੀ ਵਾਸਤੇ ਓਵਰਡਿਊ ਦੇ ਤੌਰ 'ਤੇ ਫਲੈਗ ਕਰੇਗਾ, ਚਾਹੇ ਅਜਿਹੀਆਂ ਪ੍ਰਕਿਰਿਆਵਾਂ ਕਿਸੇ ਵੀ ਸਮੇਂ ਚੱਲ ਰਹੀਆਂ ਹੋਣ। ਇਸ ਤਰ੍ਹਾਂ, ਕਰਜ਼ਦਾਰ ਖਾਤਿਆਂ ਦਾ SMA ਅਤੇ NPA ਵਜੋਂ ਵਰਗੀਕਰਨ, ਸੰਬੰਧਿਤ ਮਿਤੀ ਵਾਸਤੇ ਡੇ-ਐਂਡ ਪ੍ਰਕਿਰਿਆ ਦੇ ਹਿੱਸੇ ਵਜੋਂ ਕੀਤਾ ਜਾਵੇਗਾ ਐਤ SMA ਔਰ NPA ਵਰਗੀਕਰਨ ਦੀ ਮਿਤੀ ਉਹ ਕੈਲੰਡਰ ਮਿਤੀ ਹੋਵੇਗੀ, ਜਿਸ ਵਾਸਤੇ ਡੇ-ਐਂਡ ਪ੍ਰਕਿਰਿਆ ਚਲਾਈ ਜਾਵੇਗੀ। ਦੂਜੇ ਸ਼ਬਦਾਂ ਵਿੱਚ, SMA/NPA ਦੀ ਮਿਤੀ ਉਸ ਕੈਲੰਡਰ ਮਿਤੀ ਦੇ ਆਖੀਰ ਵਿੱਚ ਖਾਤੇ ਦੇ ਸੰਪੱਤੀ ਵਰਗੀਕਰਨ ਸਥਿਤੀ ਨੂੰ ਵਿਖਾਏਗੀ।

ਉਦਾਹਰਣ: (ਇਹ ਉਦਾਹਰਣ ਸਿਰਫ਼ ਸੰਦਰਭ ਉਦੇਸ਼ਾਂ ਵਾਸਤੇ ਹੈ)

ਜੇਕਰ ਕਿਸੇ ਲੋਨ ਖਾਤੇ ਦੀ ਓਵਰਡਿਊ 31 ਅਕਤੂਬਰ, 2021 ਹੈ ਅਤੇ OXYZO ਦੀ ਇਸ ਮਿਤੀ ਵਾਸਤੇ, ਡੇ-ਐਂਡ ਪ੍ਰਕਿਰਿਆ ਚਲਾਉਣ ਤੋਂ ਪਹਿਲਾਂ ਪੂਰਾ ਬਕਾਇਆ ਨਹੀਂ ਮਿਲਦਾ ਹੈ ਤਾਂ ਓਵਰਡਿਊ ਦੀ ਮਿਤੀ 31 ਅਕਤੂਬਰ, 2021 ਹੋਵੇਗੀ। ਜੇਕਰ ਇਹ ਲਗਾਤਾਰ ਓਵਰਡਿਊ ਰਹਿੰਦਾ ਹੈ, ਤਾਂ 30 ਨਵੰਬਰ, 2021 ਨੂੰ ਡੇ-ਐਂਡ ਪ੍ਰਕਿਰਿਆ ਚਲਾਉਣ 'ਤੇ, ਯਾਨੀ ਕਿ ਲਗਾਤਾਰ ਓਵਰਡਿਊ ਰਹਿਣ ਦੇ 30 ਦਿਨ ਪੂਰੇ ਹੋਣ 'ਤੇ, ਇਹ ਖਾਤਾ SMA-1 ਦੇ ਤੌਰ 'ਤੇ ਟੈਗ ਹੋ ਜਾਵੇਗਾ। ਇਸ ਅਨੁਸਾਰ, ਉਸ ਖਾਤੇ ਵਾਸਤੇ, SMA-1 ਵਰਗੀਕਰਨ ਦੀ ਮਿਤੀ 30 ਨਵੰਬਰ, 2021 ਹੋਵੇਗੀ।

ਇਸ ਤਰ੍ਹਾਂ, ਜੇਕਰ ਖਾਤਾ ਓਵਰਡਿਊ ਰਹਿੰਦਾ ਹੈ ਤਾਂ 30 ਨਵੰਬਰ, 2021 ਨੂੰ ਡੇ-ਐਂਡ ਪ੍ਰਕਿਰਿਆ ਚਲਾਉਣ 'ਤੇ, ਇਸ ਨੂੰ SMA-2 ਦੇ ਤੌਰ 'ਤੇ ਟੈਗ ਕਰ ਦਿੱਤਾ ਜਾਵੇਗਾ ਅਤੇ ਜੇਕਰ ਇਹ ਅੱਗੇ ਵੀ ਓਵਰਡਿਊ ਰਹਿੰਦਾ ਹੈ ਤਾਂ 29 ਜਨਵਰੀ, 2022 ਨੂੰ ਡੇ-ਐਂਡ ਪ੍ਰਕਿਰਿਆ ਚਲਾਉਣ 'ਤੇ ਇਸ ਨੂੰ NPA ਦੇ ਤੌਰ 'ਤੇ ਵਰਗੀਕਰਿਤ ਕਰ ਦਿੱਤਾ ਜਾਵੇਗਾ।

ਟਰਮ ਲੋਨ 'ਤੇ ਵਿਆਜ ਭੁਗਤਾਨ ਵਾਸਤੇ, ਜੇਕਰ ਨਿਰਧਾਰਿਤ ਸਮੇਂ 'ਤੇ ਲਾਇਆ ਗਿਆ ਵਿਆਜ 90 ਦਿਨਾਂ ਤੋਂ ਜ਼ਿਆਦਾ ਸਮੇਂ ਤੱਕ ਬਕਾਇਆ ਰਹਿੰਦਾ ਹੈ ਤਾਂ ਖਾਤੇ ਨੂੰ NPA ਮੰਨਿਆ ਜਾਵੇਗਾ।

ਇਸ ਤੋਂ ਇਲਾਵਾ, ਇਹ ਸਪੱਸ਼ਟ ਕੀਤਾ ਗਿਆ ਹੈ ਕਿ NPA ਦੇ ਤੌਰ 'ਤੇ ਵਰਗੀਕਿਰਤ ਕੀਤੇ ਗਏ ਲੋਨ ਖਾਤੇ ਨੂੰ "ਸਟੈਂਡਰਡ" ਐਸਿਟ ਵਜੋਂ ਉਦੋਂ ਹੀ ਅੱਪਗ੍ਰੇਡ ਕੀਤਾ ਜਾ ਸਕਦਾ ਹੈ ਜਦੋਂ ਲੋਨ ਲੈਣ ਵਾਲਾ ਵਿਆਜ ਅਤੇ ਮੂਲ ਰਕਮ ਦਾ ਪੂਰਾ ਭੁਗਤਾਨ ਕਰ ਦੇਵੇ।

3. ਜੇਕਰ ਖਾਤਾ SMA/NPA ਵਿੱਚ ਚਲਿਆ ਜਾਂਦਾ ਹੈ ਤਾਂ ਕਰਜ਼ਦਾਰ 'ਤੇ ਕੀ ਅਸਰ ਹੋਵੇਗਾ

ਕਨੂੰਨੀ ਹਿਦਾਇਤਾਂ ਦੇ ਅਨੁਸਾਰ, ਲੋਨ ਦੇਨ ਵਾਲੀਆਂ ਸੰਸਥਾਵਾਂ ਨੂੰ ਸਮੇਂ-ਸਮੇਂ 'ਤੇ SMA ਜਾਂ NPA ਵਜੋਂ ਵਰਗੀਕਿਰਤ ਕਰਜ਼ਦਾਰ ਖਾਤਿਆਂ ਦੀ ਰਿਪੋਰਟ ਕ੍ਰੈਡਿਟ ਇੰਫੋਰਮੇਸ਼ਨ ਕੰਪਨੀਜ਼ (CIC) ਨੂੰ ਦੇਣੀ ਹੁੰਦੀ ਹੈ। ਅਜਿਹੀ ਰਿਪੋਰਟਿੰਗ ਨਾਲ ਕਰਜ਼ਦਾਰ ਦਾ ਕ੍ਰੈਡਿਟ ਇਤਿਹਾਸ ਅਤੇ ਕ੍ਰੈਡਿਟ ਦੀ ਯੋਗਤਾ 'ਤੇ ਅਸਰ ਪੈ ਸਕਦਾ ਹੈ।

4. ਬੇਦਾਅਵਾ:

ਕਿਰਪਾ ਕਰਕੇ ਧਿਆਨ ਦਿਓ ਕਿ ਉੱਪਰ ਦਿੱਤੇ ਗਏ ਉਦਾਹਰਣ SMA/NPA ਵਰਗੀਕਰਨ ਅਤੇ IRACP ਦੇ ਨਿਯਮਾਂ ਦੇ ਆਮ ਪਰਿਦ੍ਰਿਸ਼ਾਂ ਨੂੰ ਕਵਰ ਕਰਨ ਲਈ ਵਿਖਾਏ ਗਏ ਹਨ। ਇਹ ਉਦਾਹਰਣ ਸਿਰਫ਼ ਉਦਾਹਰਣ ਵਾਸਤੇ ਹਨ ਅਤੇ ਪੂਰੀ ਤਰ੍ਹਾਂ ਨਹੀਂ ਹਨ ਅਤੇ ਉੱਪਰ ਦੱਸੇ ਗਏ ਵਿਸ਼ਿਆਂ 'ਤੇ RBI ਦੀ ਦਿੱਤੀ ਗਈ ਜਾਣਕਾਰੀ ਹੀ ਵੈਧ ਹੋਵੇਗੀ।